# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈੱਸ ਨੋਟ

ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ/ਅਧਿਆਪਕਾਂ/ਮਾਪਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਮਾਰਚ, 2017 ਦੌਰਾਨ ਅਪੀਅਰ ਹੋਏ ਉਹ ਪ੍ਰੀਖਿਆਰਥੀ ਜਿਨ੍ਹਾਂ ਦਾ ਨਤੀਜਾ ਰੀਅਪੀਅਰ (ਮੁੜ ਪ੍ਰੀਖਿਆ)/ਕੰਪਾਰਟਮੈਂਟ ਘੋਸ਼ਿਤ ਕੀਤਾ ਗਿਆ। ਅਜਿਹੇ ਵਿਦਿਆਰਥੀ ਜੂਨ/ਜੁਲਾਈ-2017 ਦੌਰਾਨ ਬੋਰਡ ਵੱਲੋਂ ਲਈ ਗਈ ਸਪਲਮੈਂਟਰੀ ਪ੍ਰੀਖਿਆ ਵਿੱਚ ਅਪੀਅਰ ਹੋਣ ਉਪਰੰਤ ਵੀ ਪ੍ਰੀਖਿਆ ਪਾਸ ਨਹੀਂ ਕਰ ਸਕੇ ਅਤੇ ਹੁਣ ਆਪਣਾ ਪੂਰਬਲਾ ਨਤੀਜਾ ਰੱਦ ਕਰਵਾ ਕੇ ਰੈਗੂਲਰ ਵਿਦਿਆਰਥੀ ਵਜੋਂ ਮੁੜ ਦਾਖਲਾ ਲੈਣਾ ਚਾਹੁੰਦੇ ਹਨ। ਅਜਿਹੇ ਵਿਦਿਆਰਥੀ ਦਾਖਲਾ ਲੈਣ ਦੀ ਅੰਤਿਮ ਮਿਤੀ (14-08-2017) ਤੱਕ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਵਿਖੇ ਪ੍ਰਤੀ-ਬੇਨਤੀ ਦੇ ਕੇ ਨਤੀਜਾ ਰੱਦ ਕਰਵਾਉਣ ਉਪਰੰਤ ਮੁੜ ਦਾਖਲਾ ਲੈ ਸਕਦੇ ਹਨ।

ਉਪਰੋਕਤ ਮੌਕਾ ਸਿਰਫ ਮਾਰਚ 2017 ਦੀ ਪ੍ਰੀਖਿਆ ਦੇਣ ਵਾਲੇ ਰੈਗੂਲਰ ਵਿਦਿਆਰਥੀਆਂ ਨੂੰ 'One time measure' ਵੱਜੋਂ ਦਿੱਤਾ ਜਾਂਦਾ ਹੈ।

ਸਕੱਤਰ